Department of Justice Canada | Ministère de la Justice Canada

# ਤਲਾਕ ਅਤੇ ਪਰਿਵਾਰਕ ਹਿੰਸਾ

ਪਰਿਵਾਰਕ ਹਿੰਸਾ ਉਦੋਂ ਹੁੰਦੀ ਹੈ, ਜਦੋਂ ਪਰਿਵਾਰ ਵਿੱਚ ਇਕ ਵਿਅਕਤੀ ਦੂਜੇ ਨਾਲ ਦੁਰਵਿਹਾਰ ਕਰਦਾ ਹੈ। ਇਹ ਬੱਚਿਆਂ ਅਤੇ ਵੱਡਿਆਂ, ਦੋਵਾਂ ਨਾਲ ਵਾਪਰ ਸਕਦੀ ਹੈ।

ਪਰਿਵਾਰਕ ਹਿੰਸਾ ਸ਼ਬਦਾਂ ਰਾਹੀਂ, ਕਿਸੇ ਐਕਸ਼ਨ ਰਾਹੀਂ ਜਾਂ ਕਿਸੇ ਦਾ ਲੋੜੀਂਦਾ ਧਿਆਨ ਨਾ ਰੱਖਣ ਦੇ ਰੂਪ ਵਿੱਚ ਹੋ ਸਕਦੀ ਹੈ। ਇਹ ਕਿਸੇ ਇਕ ਵਕਤ ਵਾਪਰੀ ਕੋਈ ਘਟਨਾ ਵੀ ਹੋ ਸਕਦੀ ਹੈ ਤੇ ਵਰਤਾਓ ਦਾ ਇਕ ਪੈਟਰਨ ਵੀ ਹੋ ਸਕਦਾ ਹੈ।

ਪਰਿਵਾਰਕ ਹਿੰਸਾ ਕਿਸੇ ਜੋੜੇ ਦੇ ਵੱਖ ਹੋਣ ਤੋਂ ਪਹਿਲਾਂ, ਇਕੱਠੇ ਰਹਿਣ ਦੌਰਾਨ ਜਾਂ ਉਨ੍ਹਾਂ ਦੇ ਅਲੱਗ ਹੋਣ ਤੋਂ ਬਾਦ ਵੀ ਹੋ ਸਕਦੀ ਹੈ। ਅਕਸਰ ਅਲੱਗ ਹੋਣ ਤੋਂ ਤੁਰੰਤ ਬਾਦ ਲੋਕਾਂ ਨੂੰ ਪਰਿਵਾਰਕ ਹਿੰਸਾ ਦਾ ਵੱਧ ਖਤਰਾ ਹੁੰਦਾ ਹੈ।

ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਖਤਰਾ ਹੈ ਤਾਂ ਤੁਰੰਤ 9-1-1 ਕਾਲ ਕਰੋ ਜਾਂ ਆਪਣੀ ਲੋਕਲ ਪੁਲਿਸ ਨੂੰ ਕਾਲ ਕਰੋ।

1 ਜੁਲਾਈ, 2020 ਤੋਂ ਡਾਇਵੋਰਸ ਐਕਟ (*Divorce Act*) ਵਿੱਚ ਤਬਦੀਲੀਆਂ ਲਾਗੂ ਹੋ ਰਹੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਤਬਦੀਲੀਆਂ ਦਾ ਮਕਸਦ ਪਰਿਵਾਰਕ ਹਿੰਸਾ ਦੀ ਸੂਰਤ ਵਿੱਚ ਸੁਰੱਖਿਅਤ ਅਤੇ ਉਚਿਤ ਪ੍ਰਬੰਧ ਕਰਨ ਵਾਸਤੇ ਮਾਪਿਆਂ, ਜੱਜਾਂ ਅਤੇ ਹੋਰਾਂ ਦੀ ਮਦਦ ਕਰਨਾ ਹੈ।

## ਇਸ ਪੰਨੇ ਤੇ ਹੈ


- ਨਵੇਂ ਡਾਇਵੋਰਸ ਐਕਟ (*Divorce Act*) ਤਹਿਤ ਪਰਿਵਾਰਕ ਹਿੰਸਾ
- ਪਰਿਵਾਰਕ ਹਿੰਸਾ ਦੀਆਂ ਮਿਸਾਲਾਂ
- ਧੱਕਾ ਕਰਨ ਜਾਂ ਕੰਟਰੋਲ ਕਰਨ ਵਾਲੀ ਪਰਿਵਾਰਕ ਹਿੰਸਾ
- ਪਰਿਵਾਰਕ ਹਿੰਸਾ ਅਤੇ ਬੱਚਿਆਂ ਦੀ ਪਰਵਰਿਸ਼ ਲਈ ਪ੍ਰਬੰਧ
- ਪਰਿਵਾਰਾਂ ਦਾ ਇਕੋ ਵੇਲੇ ਨਿਆਂਇਕ ਸਿਸਟਮ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਸ਼ਾਮਲ ਹੋਣਾ
- ਪਰਿਵਾਰਕ ਹਿੰਸਾ ਦੇ ਸੰਬੰਧ ਵਿੱਚ ਮਦਦ ਪ੍ਰਾਪਤ ਕਰਨਾ


### ਨਵੇਂ ਡਾਇਵੋਰਸ ਐਕਟ *(Divorce Act)* ਤਹਿਤ ਪਰਿਵਾਰਕ ਹਿੰਸਾ

ਪਰਿਵਾਰਕ ਹਿੰਸਾ ਦੇ ਕਈ ਰੂਪ ਹੋ ਸਕਦੇ ਹਨ ਅਤੇ ਇਹ ਲੋਕਾਂ ਦਾ ਕਈ ਤਰੀਕਿਆਂ ਨਾਲ ਨੁਕਸਾਨ ਕਰ ਸਕਦੀ ਹੈ:

- ਉਹ ਖੁਦ ਇਸ ਨੂੰ ਹੰਢਾ ਸਕਦੇ ਹਨ
- ਇਸ ਨੂੰ ਦੇਖ ਸਕਦੇ ਜਾਂ ਇਸ ਬਾਰੇ ਸੁਣਦੇ ਹੋਣਗੇ
- ਉਨ੍ਹਾਂ ਨੂੰ ਪਤਾ ਹੋਵੇਗਾ ਕਿ ਇਹ ਵਾਪਰ ਰਹੀ ਹੈ।

Canada

ਨਵੇਂ ਡਾਇਵੋਰਸ ਐਕਟ (*Divorce Act*) ਦੇ ਤਹਿਤ ਇਸ ਤਰਾਂ ਦਾ ਕੋਈ ਵੀ ਵਰਤਾਓ ਪਰਿਵਾਰਕ ਹਿੰਸਾ ਹੋ ਸਕਦਾ ਹੈ:

- ਹਿੰਸਾ, ਜਾਂ
- ਧਮਕੀ ਦੇਣਾ, ਜਾਂ
- ਧੱਕਾ ਕਰਨ ਜਾਂ ਕੰਟਰੋਲ ਕਰਨ ਵਾਲੇ ਵਰਤਾਓ ਦਾ ਇਕ ਪੈਟਰਨ, ਜਾਂ
- ਅਜਿਹਾ ਵਰਤਾਓ ਜਿਸ ਨਾਲ ਕਿਸੇ ਪਰਿਵਾਰਕ ਮੈਂਬਰ ਦੇ ਮਨ ਵਿੱਚ ਆਪਣੀ ਸੁਰੱਖਿਆ ਨੂੰ ਲੈ ਕੇ ਜਾਂ ਕਿਸੇ ਦੂਜੇ ਦੀ ਸੁਰੱਖਿਆ ਨੂੰ ਲੈ ਕੇ ਡਰ ਪੈਦਾ ਹੋਵੇ

ਡਾਇਵੋਰਸ ਐਕਟ (*Divorce Act*) ਦੇ ਤਹਿਤ ਕਈ ਤਰਾਂ ਦਾ ਦੁਰਵਿਹਾਰ ਅਪਰਾਧਕ ਕਾਰਵਾਈ ਸਮਝਿਆ ਜਾਂਦਾ ਹੈ ਅਤੇ ਅਜਿਹੇ ਵਰਤਾਓ ਵੀ ਹਨ, ਜਿਹੜੇ ਗੈਰ-ਅਪਰਾਧਕ ਹਨ, ਪਰ ਉਨ੍ਹਾਂ ਨੂੰ ਵੀ ਪਰਿਵਾਰਕ ਹਿੰਸਾ ਸਮਝਿਆ ਜਾਂਦਾ ਹੈ।

ਬੱਚੇ ਕਈ ਤਰੀਕਿਆਂ ਨਾਲ ਪਰਿਵਾਰਕ ਹਿੰਸਾ ਹੰਢਾਅ ਸਕਦੇ ਹਨ, ਜਿਵੇਂ ਕਿ

- ਉਨ੍ਹਾਂ ਨਾਲ ਸਿੱਧੇ ਤੌਰ ਤੇ ਹਿੰਸਾ ਜਾਂ ਦੁਰਵਿਹਾਰ
- ਕਿਸੇ ਪਰਿਵਾਰਕ ਮੈਂਬਰ ਨਾਲ ਹਿੰਸਕ ਵਰਤਾਓ ਨੂੰ ਦੇਖਣਾ ਜਾਂ ਸੁਣਨਾ
- ਕਿਸੇ ਪਰਿਵਾਰਕ ਮੈਂਬਰ ਨੂੰ ਡਰੇ ਹੋਏ ਜਾਂ ਜ਼ਖਮੀ ਹੋਏ ਦੇਖਣਾ

ਨਵੇਂ ਡਾਇਵੋਰਸ ਐਕਟ (*Divorce Act*) ਤਹਿਤ ਇਹ ਸਾਰਾ ਕੁੱਝ ਪਰਿਵਾਰਕ ਹਿੰਸਾ ਅਤੇ ਬੱਚਿਆਂ ਦਾ ਸੋਸ਼ਣ ਸਮਝਿਆ ਜਾਂਦਾ ਹੈ।

## ਪਰਿਵਾਰਕ ਹਿੰਸਾ ਦੀਆਂ ਮਿਸਾਲਾਂ

ਨਵੇਂ ਡਾਇਵੋਰਸ ਐਕਟ (*Divorce Act*) ਤਹਿਤ ਪਰਿਵਾਰਕ ਹਿੰਸਾ ਦੀਆਂ ਕੁੱਝ ਮਿਸਾਲਾਂ ਇਸ ਤਰਾਂ ਹਨ:

| ਸਰੀਰਕ ਸੋਸ਼ਣ |
|---|
| ਮੁੱਕਾ ਮਾਰਨਾ, ਥੱਪੜ ਮਾਰਨਾ, ਠੋਕਰ ਮਾਰਨਾ, ਧੱਕਾ ਮਾਰਨਾ, ਘੜੀਸਣਾ, ਗਲਾ ਘੁੱਟਣਾ, ਵਾਲ ਪੁੱਟਣੇ, ਦੰਦੀ ਵੱਢਣਾ, ਛੁਰਾ ਮਾਰਨਾ, ਕਿਸੇ ਨੂੰ ਬੰਦ ਥਾਂ ਵਿੱਚ ਲੌਕ ਕਰਨਾ, ਕਿਸੇ ਨੂੰ ਨੀਚੇ ਦਬਾਉਣਾ ਜਾਂ ਬੰਨਣਾ<br><br>*ਜਦੋਂ ਲੋਕ ਆਪਣੇ ਆਪ ਜਾਂ ਕਿਸੇ ਦੇ ਬਚਾਓ ਲਈ ਕੁੱਝ ਕਰਦੇ ਹਨ, ਉਸ ਤਰਾਂ ਦੀਆਂ ਕਾਰਵਾਈਆਂ ਨੂੰ ਪਰਿਵਾਰਕ ਹਿੰਸਾ ਨਹੀਂ ਸਮਝਿਆਂ ਜਾਂਦਾ। |
| ਕਾਮੁਕ ਸੋਸ਼ਣ |
| ਕਿਸੇ ਨੂੰ ਸਹਿਮਤੀ ਬਗੈਰ ਕਾਮੁਕ ਤੌਰ ਤੇ ਛੂਹਣਾ, ਕਿਸੇ ਨੂੰ ਸੈਕਸ ਕਰਨ ਲਈ ਮਜਬੂਰ ਕਰਨਾ ਜਾਂ ਉਸ ਨਾਲ ਸੈਕਸ ਕਰਨਾ, ਕਿਸੇ ਨੂੰ ਅਸ਼ਲੀਲ ਫਿਲਮਾਂ ਜਾਂ ਫੋਟੋਆਂ ਦਿਖਾਉਣਾ, ਕਿਸੇ ਬੱਚੇ ਨੂੰ ਕਾਮੁਕ ਤਰੀਕੇ |

| |
|---|
| ਨਾਲ ਛੂਹਣਾ, ਬੱਚਿਆਂ ਨੂੰ ਇਸ ਵਾਸਤੇ ਪ੍ਰੇਰਿਤ ਕਰਨਾ ਕਿ ਉਹ ਤੁਹਾਨੂੰ ਕਹਿਣ ਕਿ ਤੁਸੀਂ ਉਨ੍ਹਾਂ ਨੂੰ ਕਾਮੁਕ ਤੌਰ ਤੇ ਛੂਹੋ |
| ਕਿਸੇ ਨੂੰ ਜਾਨੋਂ ਮਾਰਨ ਜਾਂ ਜ਼ਖਮੀ ਕਰਨ ਦੀ ਧਮਕੀ ਦੇਣਾ |
| ਕਿਸੇ ਨੂੰ ਥੱਪੜ ਜਾਂ ਘਸੁੰਨ ਮਾਰਨ ਦੀ ਧਮਕੀ ਦੇਣਾ, ਕਿਸੇ ਨੂੰ ਗੋਲੀ ਮਾਰਨ ਦੀ ਧਮਕੀ ਦੇਣਾ |
| ਕਿਸੇ ਨੂੰ ਪ੍ਰੇਸ਼ਾਨ ਕਰਨਾ ਜਾਂ ਕਿਸੇ ਵੱਲ ਝਾਕੀ ਜਾਣਾ |
| ਕਿਸੇ ਨੂੰ ਵਾਰ ਵਾਰ ਫੋਨ ਕਰਨਾ, ਈਮੇਲ ਕਰਨਾ ਜਾਂ ਟੈਕਸਟ ਮੈਸੇਜ ਭੇਜਣਾ, ਕਿਸੇ ਦੇ ਘਰ ਜਾਂ ਕੰਮ ਦੇ ਸਥਾਨ ਤੇ ਨਜ਼ਰ ਰੱਖਣੀ, ਕਿਸੇ ਤੇ ਐਪਸ, ਕਿਸੇ ਸੌਫਟਵੇਅਰ ਜਾਂ ਵੀਡੀਓ ਕੈਮਰਿਆਂ ਰਾਹੀਂ ਨਜ਼ਰ ਰੱਖਣੀ, ਸੋਸ਼ਲ ਮੀਡੀਆ ਤੇ ਕਿਸੇ ਦੀਆਂ ਗਤੀਵਿਧੀਆਂ ਨੂੰ ਟਰੈਕ ਕਰਨਾ |
| ਕਿਸੇ ਨੂੰ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਤੋਂ ਵਾਂਝਾ ਕਰਨਾ |
| ਬੱਚਿਆਂ ਨੂੰ ਖਾਣਾ ਪ੍ਰਦਾਨ ਨਾ ਕਰਨਾ, ਕਿਸੇ ਨੂੰ ਲੋੜੀਂਦੀ ਮੈਡੀਕਲ ਕੇਅਰ ਨਾ ਪ੍ਰਾਪਤ ਕਰਨ ਦੇਣਾ, ਕਿਸੇ ਦੀ ਵੀਲ੍ਹਚੇਅਰ ਖੋਹ ਲੈਣਾ |
| ਮਾਨਸਿਕ ਤਸ਼ੱਦਦ |
| ਹਮੇਸ਼ਾ ਝਿੜਕਦੇ ਰਹਿਣਾ, ਕਿਸੇ ਵਿੱਚ ਨੁਕਸ ਕੱਢੀ ਜਾਣਾ ਜਾਂ ਬੇਇਜ਼ਤੀ ਕਰਨਾ; ਕਿਸੇ ਦੇ ਟਾਈਮ, ਕਾਰਵਾਈਆਂ, ਕੱਪੜਿਆਂ, ਵਾਲਾਂ ਦੇ ਸਟਾਈਲ ਨੂੰ ਕੰਟਰੋਲ ਕਰਨਾ, ਕਿਸੇ ਨੂੰ ਦੋਸਤਾਂ ਜਾਂ ਪਰਿਵਾਰਕ ਮੈਂਬਰਾਂ ਨੂੰ ਮਿਲਣ ਤੋਂ ਰੋਕਣਾ, ਕਿਸੇ ਨੂੰ ਆਪਣੇ ਧਰਮ ਜਾਂ ਕਲਚਰ ਦੀ ਪਾਲਣਾ ਨਾ ਕਰਨ ਦੇਣਾ, ਕਿਸੇ ਦੀਆਂ ਨਿੱਜੀ ਤਸਵੀਰਾਂ ਨੂੰ ਬਿਨਾਂ ਸਹਿਮਤੀ ਦੇ ਸ਼ੇਅਰ ਕਰਨਾ ਜਾਂ ਕਰਨ ਦੀ ਧਮਕੀ ਦੇਣਾ, ਕਿਸੇ ਨੂੰ ਮੁਲਕ ਚੋਂ ਕੱਢਣ ਲਈ ਇਮੀਗਰੇਸ਼ਨ ਅਥੌਰਟੀਜ਼ ਨਾਲ ਸੰਪਰਕ ਕਰਨ ਦੀ ਧਮਕੀ ਦੇਣਾ |
| ਵਿੱਤੀ ਸੋਸ਼ਣ |
| ਕਿਸੇ ਨੂੰ ਕੰਮ ਕਰਨ ਲਈ ਮਜਬੂਰ ਕਰਨਾ ਜਾਂ ਕੰਮ ਨਾ ਕਰਨ ਦੇਣਾ, ਕਿਸੇ ਨੂੰ ਆਪਣਾ ਬੈਂਕ ਅਕਾਉਂਟ ਚੈੱਕ ਨਾ ਕਰਨ ਦੇਣਾ, ਕਿਸੇ ਦਾ ਪੈਸਾ ਆਪਣੇ ਕਬਜ਼ੇ ਵਿੱਚ ਰੱਖਣਾ ਜਾਂ ਇਹ ਕੰਟਰੋਲ ਕਰਨਾ ਕਿ ਉਹ ਕਿਵੇਂ ਖਰਚ ਕਰੇ, ਕਿਸੇ ਦੀ ਜਾਣਕਾਰੀ ਬਗੈਰ ਉਸਦੇ ਨਾਂ ਤੇ ਕਰਜ਼ਾ ਲੈਣਾ |
| ਕਿਸੇ ਜਾਨਵਰ ਨੂੰ ਮਾਰਨ ਜਾਂ ਉਸਨੂੰ ਨੁਕਸਾਨ ਪਹੁਚਾਉਣ ਜਾਂ ਪ੍ਰੌਪਰਟੀ ਦਾ ਨੁਕਸਾਨ ਕਰਨ ਦੀ ਧਮਕੀ ਦੇਣਾ |
| ਪਰਿਵਾਰ ਦੇ ਪਾਲਤੂ ਜਾਨਵਰ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ ਦੇਣਾ, ਘਰ ਨੂੰ ਅੱਗ ਲਾਉਣ ਦੀ ਧਮਕੀ ਦੇਣਾ |
| ਕਿਸੇ ਨੂੰ ਸੱਚੀਂਮੁੱਚੀਂ ਮਾਰ ਦੇਣਾ, ਕਿਸੇ ਜਾਨਵਰ ਨੂੰ ਨੁਕਸਾਨ ਪਹੁੰਚਾਉਣਾ ਜਾਂ ਪ੍ਰਾਪਰਟੀ ਦਾ ਨੁਕਸਾਨ ਕਰਨਾ |

## ਧੱਕਾ ਕਰਨ ਅਤੇ ਕੰਟਰੋਲ ਕਰਨ ਦੇ ਰੂਪ ਵਿੱਚ ਪਰਿਵਾਰਕ ਹਿੰਸਾ

ਧੱਕਾ ਕਰਨਾ ਅਤੇ ਕਿਸੇ ਨੂੰ ਕੰਟਰੋਲ ਕਰਨਾ ਪਰਿਵਾਰਕ ਹਿੰਸਾ ਦਾ ਇਕ ਅਜਿਹਾ ਰੂਪ ਹੈ, ਜਿਸ ਦੀ ਲੋਕ ਕਿਸੇ ਨੂੰ ਕੰਟਰੋਲ ਕਰਨ ਜਾਂ ਉਸ ਤੇ ਭਾਰੂ ਹੋਣ ਲਈ ਵਰਤੋਂ ਕਰਦੇ ਹਨ। ਕੰਟਰੋਲ ਕਰਨ ਵਾਲਾ ਇਸ ਵਾਸਤੇ ਭਾਵਨਾਤਮਕ, ਮਾਨਸਿਕ, ਕਾਮੁਕ, ਵਿੱਤੀ ਜਾਂ ਦੁਰਵਿਹਾਰ ਦੇ ਹੋਰ ਤਰੀਕੇ ਅਪਣਾ ਸਕਦਾ ਹੈ, ਜਿਸ ਵਿੱਚ ਪਾਰਟਨਰ ਦੇ ਕੱਪੜਿਆਂ ਬਾਰੇ ਆਪਣੀ ਮਰਜ਼ੀ ਥੋਪਣੀ, ਉਸਦੇ ਪੈਸੇ ਤੇ ਕੰਟਰੋਲ ਕਰਨਾ, ਉਸ ਨੂੰ ਕੰਮ ਨਾ ਕਰਨ ਦੇਣਾ ਜਾਂ ਦੋਸਤਾਂ ਨੂੰ ਨਾ ਮਿਲਣ ਦੇਣਾ। ਇਸ ਵਿੱਚ ਅਕਸਰ ਸਰੀਰਕ ਹਿੰਸਾ ਵੀ ਸ਼ਾਮਲ ਹੁੰਦੀ ਹੈ।

ਧੱਕਾ ਕਰਨ ਅਤੇ ਕੰਟਰੋਲ ਕਰਨ ਵਾਲੀ ਪਰਿਵਾਰਕ ਹਿੰਸਾ ਬੜੀ ਖਤਰਨਾਕ ਹੈ। ਜਿਹੜੇ ਲੋਕ ਅਜਿਹੀ ਹਿੰਸਾ ਕਰਦੇ ਹਨ, ਉਹ ਅਕਸਰ ਅਲੱਗ ਹੋਣ ਜਾਂ ਤਲਾਕ ਤੋਂ ਬਾਦ ਵੀ ਇਸ ਨੂੰ ਜਾਰੀ ਰੱਖਦੇ ਹਨ ਜਾਂ ਵਧਾ ਦਿੰਦੇ ਹਨ।

## ਪਰਿਵਾਰਕ ਹਿੰਸਾ ਅਤੇ ਬੱਚਿਆਂ ਦੀ ਪਰਵਰਿਸ਼ ਦੇ ਪ੍ਰਬੰਧ

ਜਿਹੜੇ ਬੱਚੇ ਪਰਿਵਾਰਕ ਹਿੰਸਾ ਵਾਲੇ ਮਹੌਲ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਵਕਤੀ ਜਾਂ ਦੂਰ-ਵਰਤੀ ਨੁਕਸਾਨ ਹੋਣ ਦਾ ਖਤਰਾ ਹੁੰਦਾ ਹੈ।

ਭਾਵੇਂ ਹਿੰਸਾ ਬੱਚਿਆਂ ਨਾਲ ਨਾ ਵੀ ਹੋ ਰਹੀ ਹੋਵੇ, ਪਰ ਜੇ ਉਹ ਦੂਜੇ ਪਰਿਵਾਰਕ ਮੈਂਬਰਾਂ ਵਿਚਾਲੇ ਹਿੰਸਾ ਦੇਖਦੇ ਹਨ, ਜਾਂ ਸੁਣਦੇ ਹਨ ਜਾਂ ਉਨ੍ਹਾਂ ਨੂੰ ਇਹ ਪਤਾ ਲੱਗਦਾ ਹੈ ਕਿ ਕਿਸੇ ਪਰਿਵਾਰਕ ਮੈਂਬਰ ਨਾਲ ਤਸ਼ੱਦਦ ਹੋ ਰਿਹਾ ਹੈ ਤਾਂ ਉਨ੍ਹਾਂ ਲਈ ਇਹ ਨੁਕਸਾਨਦੇਹ ਹੁੰਦਾ ਹੈ।

ਜਿਹੜੇ ਬੱਚੇ ਪਰਿਵਾਰਕ ਹਿੰਸਾ ਦਾ ਅਨੁਭਵ ਕਰਦੇ ਹਨ, ਉਨ੍ਹਾਂ ਨੂੰ ਸਰੀਰਕ ਜਾਂ ਮਨੋਵਿਗਿਆਨਕ ਠੇਸ ਪਹੁੰਚ ਸਕਦੀ ਹੈ। ਪਰਿਵਾਰਕ ਹਿੰਸਾ ਉਨ੍ਹਾਂ ਦੇ ਦਿਮਾਗ ਦੇ ਵਿਕਾਸ ਤੇ ਅਸਰ ਪਾ ਸਕਦੀ ਹੈ, ਜਿਸ ਨਾਲ ਭਾਵਨਾਤਮਕ, ਬੌਧਿਕ, ਵਿਵਹਾਰਕ ਜਾਂ ਸਮਾਜਕ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ, ਜਿਨ੍ਹਾਂ ਦਾ ਅਸਰ ਲੰਬੇ ਸਮੇਂ ਤੱਕ ਰਹਿ ਸਕਦਾ ਹੈ।

ਫੈਮਿਲੀ ਲਾਅ ਵਿੱਚ ਬੱਚਿਆਂ ਬਾਰੇ ਸਾਰੇ ਫੈਸਲੇ ਇਸ ਅਧਾਰ ਤੇ ਲਏ ਜਾਂਦੇ ਹਨ ਕਿ ਇਕ ਬੱਚੇ ਦੇ ਹਿੱਤ ਵਿੱਚ ਕੀ ਹੈ। ਨਵੇਂ ਡਾਇਵੋਰਸ ਐਕਟ ਵਿੱਚ ਜੱਜਾਂ ਵਾਸਤੇ ਬਹੁਤ ਸਾਰੇ ਪੱਖਾਂ ਦੀ ਇਕ ਲਿਸਟ ਦਿੱਤੀ ਗਈ ਹੈ, ਜਿਨ੍ਹਾਂ ਦੇ ਅਧਾਰ ਤੇ ਉਹ ਬੱਚੇ ਦੇ ਹਿੱਤ ਬਾਰੇ ਫੈਸਲਾ ਲੈ ਸਕਦੇ ਹਨ, ਅਤੇ ਇਸ ਵਿੱਚ ਸਭ ਤੋਂ ਅਹਿਮ ਪਹਿਲੂ ਹਮੇਸ਼ਾ ਹੀ ਬੱਚੇ ਦੀ ਸਰੀਰਕ, ਭਾਵਨਾਤਮਕ ਅਤੇ ਮਨੋਵਿਗਿਆਨਕ ਸੁਰੱਖਿਆ ਅਤੇ ਤੰਦਰੁਸਤੀ ਹੁੰਦੀ ਹੈ।

## ਖਾਸ ਪੱਖ ਜਿਨ੍ਹਾਂ ਤੇ ਜੱਜ ਵਿਚਾਰ ਕਰਦੇ ਹਨ

ਜਦੋਂ ਮਾਪੇ ਤਲਾਕ ਲੈਂਦੇ ਹਨ ਤਾਂ ਜੱਜ ਲਾਜ਼ਮੀ ਇਸ ਪੱਖ ਤੇ ਵਿਚਾਰ ਕਰਨ ਕਿ ਪਰਿਵਾਰਕ ਹਿੰਸਾ ਦਾ ਬੱਚਿਆਂ ਦੀ ਸੰਭਾਲ ਤੇ ਕੀ ਅਸਰ ਪੈਂਦਾ ਹੈ। ਇਸ ਵਿੱਚ ਉਸ ਵਿਅਕਤੀ ਦੁਆਰਾ ਬੱਚੇ ਦੀ ਪਰਵਰਿਸ਼ ਅਤੇ ਦੂਜੇ ਪਾਰਟਨਰ ਨਾਲ ਸਹਿਯੋਗ ਕਰਨ ਦੀ ਸਮਰਥਾ ਅਤੇ ਇੱਛਾ ਸ਼ਾਮਲ ਹੁੰਦੀ ਹੈ, ਜਿਸਨੇ ਹਿੰਸਾ ਕੀਤੀ ਹੋਵੇ।

ਪਰਿਵਾਰਕ ਹਿੰਸਾ ਦਾ ਕੀ ਅਸਰ ਪੈ ਸਕਦਾ ਹੈ, ਉਸ ਬਾਰੇ ਜੱਜਾਂ ਨੂੰ ਕਿਹੜੇ ਪੱਖਾਂ ਤੇ ਵਿਚਾਰ ਕਰਨੀ ਚਾਹੀਦੀ ਹੈ, ਉਨ੍ਹਾਂ ਦੀ ਲਿਸਟ ਨਵੇਂ ਡਾਇਵੋਰਸ ਐਕਟ ਵਿੱਚ ਦਿੱਤੀ ਗਈ ਹੈ, ਜਿਵੇਂ ਕਿ

- ਦੁਰਵਿਹਾਰ ਦੀ ਕਿਸਮ, ਗੰਭੀਰਤਾ ਅਤੇ ਫ੍ਰੀਕੁਐਂਸੀ

- ਬੱਚੇ  ਨੂੰ ਨੁਕਸਾਨ ਦਾ ਖਤਰਾ
- ਜਿਸ ਵਿਅਕਤੀ ਨੇ ਹਿੰਸਾ ਕੀਤੀ, ਕੀ ਉਸਨੇ ਅੱਗੇ ਤੋਂ ਹਿੰਸਾ ਨੂੰ ਟਾਲਣ ਵਾਸਤੇ ਕੋਈ ਕਦਮ ਚੁੱਕੇ ਅਤੇ ਆਪਣੀ ਸਾਂਭ-ਸੰਭਾਲ ਸਮਰਥਾ  ਨੂੰ ਸੁਧਾਰਿਆ, ਜਿਵੇਂ ਕਿ ਕੋਈ ਅਜਿਹਾ ਪੈਰੇਂਟਿੰਗ ਕੋਰਸ ਮੁਕੰਮਲ ਕੀਤਾ, ਜਿਹੜਾ ਉਨ੍ਹਾਂ ਲੋਕਾਂ ਲਈ ਹੁੰਦਾ ਹੈ, ਜਿਹੜੇ ਆਪਣੇ ਬੱਚਿਆਂ ਜਾਂ ਪਾਰਟਨਰਜ਼ ਨਾਲ ਦੁਰਵਿਹਾਰ ਕਰਦੇ ਹਨ।

ਜੱਜਾਂ ਨੂੰ ਹੋਰ ਅਜਿਹੇ ਅਦਾਲਤੀ ਮਾਮਲੇ ਵੀ ਵਿਚਾਰਨੇ ਚਾਹੀਦੇ ਹਨ, ਜਿਨ੍ਹਾਂ ਦਾ ਸੰਬੰਧ ਬੱਚੇ ਦੀ ਸੁਰੱਖਿਆ ਅਤੇ ਤੰਦਰੁਸਤੀ ਨਾਲ ਹੈ। ਇਸ ਵਿੱਚ ਇਹ ਗੱਲਾਂ ਸ਼ਾਮਲ ਹੋ ਸਕਦੀਆਂ ਹਨ:

- ਬੱਚੇ ਤੇ ਹਮਲਾ ਕਰਨ ਲਈ ਅਪਰਾਧਕ ਸਜ਼ਾ
- ਬੱਚੇ ਨਾਲ ਸੰਬੰਧਤ ਬਾਲ ਸੁਰੱਖਿਆ ਆਦੇਸ਼
- ਕਿਸੇ ਦੂਜੇ ਪਰਿਵਾਰਕ ਮੈਂਬਰ ਨਾਲ ਜੁਰਮ ਲਈ ਅਪਰਾਧਕ ਸਜ਼ਾ

## ਪਰਿਵਾਰਕ ਹਿੰਸਾ ਦਾ ਸਬੂਤ

ਕਿਸੇ ਜੱਜ ਦੁਆਰਾ ਪਰਿਵਾਰਕ ਹਿੰਸਾ ਤੇ ਕਾਰਵਾਈ ਕਰਨ ਲਈ ਜੋ ਵਾਪਰਿਆ ਉਸਦਾ ਸਬੂਤ ਹੋਣਾ ਵੀ ਲਾਜ਼ਮੀ ਹੈ। ਇਸ ਦਾ ਕੋਈ ਸਬੂਤ ਦੇਣਾ ਮੁਸ਼ਕਲ ਹੋ ਸਕਦਾ ਹੈ, ਕਿਉਂਕਿ ਪਰਿਵਾਰਕ ਹਿੰਸਾ ਇਕ ਪ੍ਰਾਈਵੇਟ ਮਹੌਲ ਵਿੱਚ ਵਾਪਰਦੀ ਹੈ। ਸਬੂਤ ਦੇ ਕੁੱਝ ਨਮੂਨੇ ਇਸ ਪ੍ਰਕਾਰ ਹੋ ਸਕਦੇ ਹਨ:

- 9-1-1 ਕਾਲਾਂ
- ਜਿਨ੍ਹਾਂ ਲੋਕਾਂ ਨੇ ਹਿੰਸਾ ਹੰਢਾਈ, ਦੇਖੀ ਜਾਂ ਸੁਣੀ, ਜਾਂ ਜਿਨ੍ਹਾਂ ਨੇ ਇਸ ਦੁਰਵਿਹਾਰ ਦੇ ਅਸਰ ਦੇਖੇ, ਉਨ੍ਹਾਂ ਦੁਆਰਾ ਲਿਖਤੀ ਬਿਆਨ ਜਾਂ ਕੋਰਟ ਵਿੱਚ ਗਵਾਹੀ
- ਸੱਟਾਂ ਦੀਆਂ ਫੋਟੋਆਂ
- ਤਸ਼ੱਦਦ ਨਾਲ ਸੰਬੰਧਤ ਘਟਨਾਵਾਂ ਦੀਆਂ ਰਿਕਾਰਡਿੰਗਾਂ
- ਮੈਡੀਕਲ ਜਾਂ ਹਸਪਤਾਲ ਦਾ ਰਿਕਾਰਡ

## ਨਿਆਂ ਪ੍ਰਣਾਲੀ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਸ਼ਾਮਲ ਪਰਿਵਾਰ

ਕਈ ਵਾਰ ਇਹ ਹੁੰਦਾ ਹੈ ਕਿ ਪਰਿਵਾਰ ਇਕੋ ਵੇਲੇ ਕਈ ਅਦਾਲਤਾਂ ਵਿੱਚ ਉਲਝ ਜਾਂਦੇ ਹਨ। ਇਹ ਪਰਿਵਾਰਕ ਹਿੰਸਾ ਦੇ ਮਾਮਲਿਆਂ ਵਿੱਚ ਵੀ ਹੁੰਦਾ ਹੈ, ਜਿਸ ਵਿੱਚ ਕ੍ਰਿਮੀਨਲ ਜਸਟਿਸ ਸਿਸਟਮ, ਚਾਈਲਡ ਪ੍ਰੋਟੈਕਸ਼ਨ ਸਿਸਟਮ ਅਤੇ ਫੈਮਿਲੀ ਜਸਟਿਸ ਸਿਸਟਮ ਇਕੋ ਵੇਲੇ ਸ਼ਾਮਲ ਹੁੰਦੇ ਹਨ।

ਅਜਿਹੇ ਹਾਲਾਤ ਬਹੁਤ ਮੁਸ਼ਕਲ ਹੋ ਸਕਦੇ ਹਨ। ਮਿਸਾਲ ਦੇ ਤੌਰ ਤੇ ਜੇ ਫੈਮਿਲੀ ਕੋਰਟ ਨੂੰ ਇਹ ਨਹੀਂ ਪਤਾ ਕਿ ਕੋਈ ਕ੍ਰਿਮੀਨਲ ਔਰਡਰ ਹੋਇਆ ਹੈ, ਜਿਸ ਮੁਤਾਬਕ ਦੋਵੇਂ ਮਾਪਿਆਂ ਦੇ ਮਿਲਣ ਤੇ ਰੋਕ ਲਾਈ ਗਈ ਹੈ ਤਾਂ ਜੱਜ ਬੱਚੇ ਦੀ ਸੰਭਾਲ ਸੰਬੰਧੀ ਅੰਤਰ-ਵਿਰੋਧੀ ਆਦੇਸ਼ ਦੇ ਸਕਦਾ ਹੈ। ਇਸ ਸੂਰਤ ਵਿੱਚ ਦੋਵੇਂ ਅਦਾਲਤੀ ਆਦੇਸ਼ਾਂ ਦੀ ਪਾਲਣਾ ਕਰਨੀ ਮੁਸ਼ਕਲ ਜਾਂ ਅਸੰਭਵ ਹੋ ਜਾਵੇਗੀ ਅਤੇ ਇਸ ਨਾਲ ਬੱਚੇ ਦੀ ਸੁਰੱਖਿਆ ਲਈ ਖਤਰੇ ਵੀ ਖੜ੍ਹੇ ਹੋ ਸਕਦੇ ਹਨ।

ਨਵੇਂ ਡਾਇਵੋਰਸ ਐਕਟ ਵਿੱਚ ਕਿਹਾ ਗਿਆ ਹੈ ਕਿ ਜੱਜ ਨੂੰ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਪਵੇਗਾ ਕਿ ਕਿਤੇ ਤਲਾਕ ਲੈ ਰਹੇ ਜੋੜੇ ਬਾਰੇ ਪਹਿਲਾਂ ਕੋਈ ਚੱਲ ਰਿਹਾ ਜਾਂ ਪੈਂਡਿੰਗ ਸਿਵਲ ਪ੍ਰੋਟੈਕਸ਼ਨ, ਚਾਈਲਡ ਪ੍ਰੋਟੈਕਸ਼ਨ ਜਾਂ ਕ੍ਰਿਮੀਨਲ ਕੇਸ ਜਾਂ ਔਰਡਰ ਤੇ ਨਹੀਂ ਹੈ।

ਜੇ ਤੁਹਾਡਾ ਤਲਾਕ ਹੋ ਚੁੱਕਾ ਹੈ ਜਾਂ ਤੁਸੀਂ ਤਲਾਕ ਲੈ ਰਹੇ ਹੋ ਅਤੇ ਬੱਚੇ ਦੀ ਸੰਭਾਲ, ਚਾਈਲਡ ਸਪੋਰਟ ਜਾਂ ਸਪਾਊਜ਼ਲ ਸਪੋਰਟ ਬਾਰੇ ਕੋਰਟ ਔਰਡਰ ਦੀ ਮੰਗ ਕਰ ਰਹੇ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਅਦਾਲਤ ਨੂੰ ਕਿਸੇ ਵੀ ਚੱਲ ਰਹੇ ਕ੍ਰਿਮੀਨਲ ਜਾਂ ਚਾਈਲਡ ਪ੍ਰੋਟੈਕਸ਼ਨ ਕੇਸ ਜਾਂ ਔਰਡਰ ਬਾਰੇ ਦੱਸੋ ਜਿਸ ਵਿੱਚ ਤੁਸੀਂ ਜਾਂ ਤੁਹਾਡਾ ਸਾਬਕਾ ਸਪਾਊਜ਼ ਸ਼ਾਮਲ ਹੈ ਜਾਂ ਤੁਹਾਡੇ ਦੋਵਾਂ ਚੋਂ ਕਿਸੇ ਇਕ ਦੇ ਖਿਲਾਫ ਕੋਈ ਅਦਾਲਤੀ ਰੋਕ (ਰਸਟਰੇਨਿੰਗ ਔਰਡਰ) ਜਾਂ ਪ੍ਰੋਟੈਕਸ਼ਨ ਔਰਡਰ ਜਾਰੀ ਹੋਇਆ ਹੈ।

## ਪਰਿਵਾਰਕ ਹਿੰਸਾ ਸੰਬੰਧੀ ਮਦਦ ਲੈਣ ਬਾਰੇ

**ਜੇ ਤੁਸੀਂ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਤੁਰੰਤ ਕੋਈ ਖਤਰਾ ਹੈ ਤਾਂ 9-1-1 ਕਾਲ ਕਰੋ ਜਾਂ ਆਪਣੀ ਲੋਕਲ ਪੁਲਸ ਨੂੰ ਕਾਲ ਕਰੋ।**

ਜੇ ਤੁਸੀਂ ਪਰਿਵਾਰਕ ਹਿੰਸਾ ਦਾ ਸਾਹਮਣਾ ਕਰ ਰਹੇ ਹੋ ਤਾਂ ਕਈ ਲੋਕ ਜਾਂ ਸੰਸਥਾਵਾਂ ਤੁਹਾਡੀ ਮਦਦ ਕਰ ਸਕਦੀਆਂ ਹਨ। ਮਿਸਾਲ ਦੇ ਤੌਰ ਤੇ ਤੁਸੀਂ ਕਿਸੇ ਵਕੀਲ, ਡਾਕਟਰ, ਸੋਸ਼ਲ ਵਰਕਰ ਜਾਂ ਕੌਂਸਲਰ ਨਾਲ ਗੱਲ ਕਰ ਸਕਦੇ ਹੋ। ਤੁਸੀਂ ਵਿਕਟਿਮ ਸਰਵਿਸਜ਼, ਕਮਿਉਨਿਟੀ ਸੰਸਥਾਵਾਂ, ਸਪੋਰਟ ਗਰੁੱਪਾਂ, ਪੁਲਿਸ, ਹੈਲਪ ਲਾਈਨਾਂ, ਆਪਣੇ ਨੇੜਲੇ ਸ਼ੈਲਟਰਾਂ ਜਾਂ ਟ੍ਰਾਂਜ਼ੀਸ਼ਨ ਹਾਊਸਾਂ ਤੋਂ ਮਦਦ ਵੀ ਲੈ ਸਕਦੇ ਹੋ।

ਪਰਿਵਾਰਕ ਹਿੰਸਾ ਬਾਰੇ ਹੋਰ ਜਾਣਕਾਰੀ ਲਈ ਡਿਪਾਰਟਮੈਂਟ ਔਫ ਜਸਟਿਸ ਕੈਨੇਡਾ ਦੀ ਵੈਬਸਾਈਟ ਤੇ ਹੇਠ ਦਿੱਤੇ ਸਰੋਤ ਦੇਖ ਸਕਦੇ ਹੋ:

- ਪਰਿਵਾਰਕ ਹਿੰਸਾ
- ਪਰਿਵਾਰਕ ਹਿੰਸਾ ਸੰਬੰਧੀ ਮਦਦ ਪ੍ਰਾਪਤ ਕਰੋ
- ਦੁਰਵਿਹਾਰ ਗਲਤ ਹੈ
- ਕਿਸੇ ਵੀ ਭਾਸ਼ਾ ਵਿੱਚ ਦੁਰਵਿਹਾਰ ਗਲਤ ਹੈ
- ਕਿਸੇ ਵੀ ਕਲਚਰ ਵਿੱਚ ਦੁਰਵਿਹਾਰ ਗਲਤ ਹੈ: ਇਨੂਇਟ
- ਕਿਸੇ ਵੀ ਕਲਚਰ ਵਿੱਚ ਦੁਰਵਿਹਾਰ ਗਲਤ ਹੈ: ਫਸਟ ਨੇਸ਼ਨਜ਼ ਅਤੇ ਮੇਟਿਸ ਲੋਕਾਂ ਲਈ
- ਬੱਚਿਆਂ ਨਾਲ ਦੁਰਵਿਹਾਰ ਗਲਤ ਹੈ: ਮੈਂ ਕੀ ਕਰ ਸਕਦਾ ਹਾਂ?
- ਆਪਣੇ ਨੇੜੇ ਵਿਕਟਿਮ ਸਰਵਿਸਜ਼ ਲੱਭੋ